بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.02.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਖ਼ਾਲਸ ਹੋਕੇ ਰੱਬ ਅੱਗੇ ਝੁਕੋ । ਨਫ਼ਲ ਪੜ੍ਹੋ, ਸਦਕੇ (ਦਾਨ) ਦਿਓ, ਰੋਜ਼ੇ (ਵਰਤ) ਰੱਖੋ । ਦੁਆਵਾਂ ਤੋਂ ਬਿਨਾ ਅਤੇ ਰੱਬ ਦੀ ਰਹਿਮਤ ਨੂੰ ਜੋਸ਼ ਵਿੱਚ ਲਿਆਏ ਬਿਨਾ ਸਾਡੇ ਲਈ ਹੋਰ ਕੋਈ ਮਾਰਗ ਨਹੀਂ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਫ਼ਰਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਆਪਣੇ ਵੱਖ ਵੱਖ ਸੰਬੋਧਨਾ ਤੇ ਭਾਸ਼ਣਾ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਵਰਨਣ ਕੀਤੀਆਂ ਕਈ ਸਿੱਖਿਆ ਦਾਇਕ ਗਲੱਾਂ ਅਤੇ ਕਹਾਣੀਆਂ ਵੱਖ ਵੱਖ ਸਮਿਆਂ ਵਿੱਚ ਵਰਨਣ ਕਰਦੇ ਹਨ । ਮੈਂ ਇਹ ਵਰਨਣ ਕਰਦਾ ਰਿਹਾ ਹਾਂ, ਅੱਜ ਵੀ ਇਹੋ ਵਰਨਣ ਕਰਾਂਗਾ :

ਇਕ ਖ਼ੁਤਬੇ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਹ ਵਿਸ਼ਾ ਵਰਨਣ ਕੀਤਾ ਕਿ ਰੱਬ ਜੱਦ ਕਿਸੇ ਨੂੰ ਆਪਣੇ ਵੱਲੋਂ ਖੜਾ ਕਰਦਾ ਹੈ ਜਾਂ ਨਬੀ ਭੇਜਦਾ ਹੈ ਤਾਂ ਉਹਨਾਂ ਦਾ ਸਹਿਯੋਗੀ ਤੇ ਸਹਾਈ ਵੀ ਹੁੰਦਾ ਹੈ ਅਤੇ ਜੇਕਰ ਸਚੱਾਈ ਨੂੰ ਪ੍ਰਕਟ ਕਰਨ ਲਈ ਦੁਨੀਆ ਦੀ ਬਹੁਤੀ ਅਬਾਦੀ ਨੂੰ ਉਹਨਾਂ ਦੇ ਗ਼ਲਤ ਕੰਮਾ ਕਰਕੇ ਦੰਡ ਦੇਣਾ ਚਾਹੇ ਤਾਂ ਪਰਵਾਹ ਨਹੀਂ ਕਰਦਾ ਅਤੇ ਦੰਡ ਦਿੰਦਾ ਹੈ । ਇਸ ਸੰਬੰਧ ਵਿੱਚ ਇਕ ਕਹਾਣੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਫ਼ਰਮਾਈ ਹੈ ਉਹ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਬਚਪੁਨੇ ਵਿੱਚ ਸਾਨੂੰ ਕਹਾਣੀਆਂ ਸੁਨਣ ਦਾ ਬਹੁਤ ਸ਼ੌਕ ਸੀ । ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕਹਿੰਦੇ ਤਾਂ ਆਪ ਸਾਨੂੰ ਅਜਿਹੀਆਂ ਕਹਾਣੀਆਂ ਸੁਣਾਉਂਦੇ ਜਿੰਨ੍ਹਾ ਨੂੰ ਸੁਣ ਕੇ ਸਿੱਖਿਆ ਮਿਲਦੀ ਹੈ । ਇਕ ਵਾਰ ਆਪ ਨੇ ਸਾਨੂੰ ਕਹਾਣੀ ਸੁਣਾਈ ਕਿ ਹਜ਼ਤ ਨੂਹ ਅਲੈਹਿ ਸਲਾਮ ਦੇ ਜੁੱਗ ਵਿੱਚ ਤੁਫ਼ਾਨ ਇਸ ਲਈ ਆਇਆ ਸੀ ਉਸ ਸਮੇਂ ਦੇ ਲੋਕ ਬਹੁਤ ਗੰਦੇ ਹੋ ਗਏ ਸਨ ਅਤੇ ਗੁਨਾਹ (ਪਾਪ) ਕਰਨ ਲੱਗ ਗਏ ਸਨ । ਉਹ ਜਿਵੇਂ ਜਿਵੇਂ ਪਾਪਾਂ ਵਿੱਚ ਵਧੱਦੇ ਜਾਂਦੇ, ਰੱਬ ਦੀ ਨਿਗਾਹ ਵਿੱਚ ਡਿਗੱਦੇ ਜਾਂਦੇ ਅਖੀਰ ਪਹਾੜ ਦੀ ਇਕ ਚੋਟੀ ਉਪੱਰ ਕੋਈ ਰੁੱਖ ਸੀ ਅਤੇ ਓਥੇ ਇਕ ਆਲ੍ਹਣੇ ਵਿੱਚ ਇਕ ਚਿੜੀ ਦਾ ਬਚੱਾ ਬੈਠਾ ਹੋਇਆ ਸੀ । ਉਸ ਬੱਚੇ ਦੀ ਮਾਂ ਕਿਤੇ ਗਈ ਅਤੇ ਫਿਰ ਵਾਪਸ ਨ ਆ ਸਕੀ । ਸੰਭਵਤਾ ਮਰ ਗਈ ਜਾਂ ਕੋਈ ਹੋਰ ਕਾਰਣ ਹੋਇਆ ਉਹ ਨ ਆ ਸਕੀ । ਉਸ ਚਿੜੀ ਦੇ ਬੱਚੇ ਨੂੰ ਤ੍ਰੇਹ ਲੱਗੀ ਅਤੇ ਉਹ ਤ੍ਰੇਹ ਕਰਕੇ ਤੜਪਨ ਲਗੱਾ ਅਤੇ ਆਪਣੀ ਚੁੰਜ ਖੋਲਣ ਲਗੱਾ । ਉਸ

ਸਮੇਂ ਰੱਬ ਨੇ ਇਹ ਦੇਖ ਕੇ ਆਪਣੇ ਫ਼ਰਿਸਤਿਆਂ ਨੂੰ ਹੁਕਮ ਦਿੱਤਾ ਕਿ ਜਾਓ ਧਰਤੀ ਉਪੱਰ ਐਨ੍ਹਾ ਮੀਂਹ ਵਰ੍ਹਾਓ ਐਨ੍ਹਾ ਮੀਂਹ ਵਰ੍ਹਾਓ ਕਿ ਪਾਣੀ ਉਸ ਪਹਾੜੀ ਦੀ ਚੋਟੀ ਉਪੱਰ ਜੋ ਰੁੱਖ ਹੈ ਉਸ ਦੇ ਆਲ੍ਹਣੇ ਤੱਕ ਪਹੁੰਚ ਜਾਏ ਤਾਂ ਜੋ ਚਿੜ੍ਹੀ ਦਾ ਬਚੱਾ ਪਾਣੀ ਪੀ ਸਕੇ । ਫ਼ਰਿਸਤਿਆਂ ਨੇ ਕਿਹਾ ਹੇ ਰਬੱਾ ਓਥੇ ਤੱਕ ਪਾਣੀ ਪਹੁੰਚਾਉਣ ਵਿੱਚ ਤਾਂ ਸਾਰੀ ਦੁਨੀਆ ਗਰਕ ਹੋ ਜਾਵੇ ਗੀ । ਰੱਬ ਨੇ ਉਤੱਰ ਦਿੱਤਾ ਕੋਈ ਪਰਵਾਹ ਨਹੀਂ । ਇਸ ਸਮੇਂ ਦੁਨੀਆ ਦੇ ਲੋਕ ਮੇਰੇ ਨੇੜੇ ਐਨ੍ਹੀ ਵੀ ਹੈਸੀਯਤ (ਦਰਜਾ) ਨਹੀਂ ਰਖੱਦੇ ਜਿੰਨ੍ਹੀ ਉਸ ਚਿੜੀ ਦੇ ਬੱਚੇ ਦੀ ਹੈ ।

ਸੋ, ਭਾਵੇਂ ਇਹ ਕਹਾਣੀ ਹੈ ਪਰ ਇਸ ਕਹਾਣੀ ਵਿੱਚ ਇਹ ਸਿੱਖਿਆ ਹੈ ਕਿ ਸਚੱਾਈ ਤੇ ਵਾਸਤਵਿਕਤਾ ਤੋਂ ਖਾਲੀ ਦੁਨੀਆ ਸਾਰੀ ਦੀ ਸਾਰੀ ਰਲਕੇ ਵੀ ਰੱਬ ਨੇੜੇ ਇਕ ਚਿੜੀ ਦੇ ਬੱਚੇ ਜਿੰਨ੍ਹੀ ਹੈਸੀਯਤ (ਦਰਜਾ) ਨਹੀਂ ਰਖੱਦੇ । ਸੋ, ਅੱਜ ਇਸ ਕਹਾਣੀ ਤੋਂ ਜਿੱਥੇ ਅਸੀਂ ਸਿੱਖਿਆ ਲੈਂਦੇ ਹਾਂ ਕਿ ਸਚੱਾਈ ਉਪੱਰ ਖੜਾ ਹੋਣਾ ਚਾਹੀਦਾ ਹੈ ਆਪਣੀ ਸਮੀਖਿਆ ਵੀ ਲੈਂਣੀ ਚਾਹੀਦੀ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਸ ਲਈ ਮੰਨ੍ਹਿਆ ਹੈ ਕਿ ਧਰਮ ਨੂੰ ਦੁਨੀਆ ਉਪੱਰ ਪਹਿਲ ਦਿਆਂਗੇ ਆਪਣੇ ਅੰਦਰ ਦੀ ਬੁਰਾਈਆਂ ਨੂੰ ਦੂਰ ਕਰਾਂਗੇ ਅਤੇ ਨੇਕੀਆਂ ਕਾਇਮ ਕਰਾਂਗੇ ਪਰ ਸਮੇਂ ਦੇ ਨਾਲ ਨਾਲ ਸਾਡੀ ਅਵਸਥਾ ਵਿੱਚ ਤਰੱਕੀ ਦੀ ਥਾਂ ਪਤਨ ਹੋ ਰਿਹਾ ਹੈ ਸਾਡੀ ਸਿਥਿਤੀ ਹੇਠਾਂ ਨੂੰ ਆ ਰਹੀ ਹੈ, ਅਸੀਂ ਆਪਣੇ ਮੰਤਵ ਤੋਂ ਦੂਰ ਹੋ ਰਹੇ ਹਾਂ । ਫਿਰ ਰੱਬ ਨੂੰ ਸਾਡੀ ਕੋਈ ਪਰਵਾਹ ਨਹੀਂ ਹੋਵੇਗੀ ।

ਹਜ਼ੂਰ ਅਨਵਰ ਨੇ ਦੁਨੀਆਂ ਦੀ ਅਤਿਅੰਤ ਭੈੜੀ ਅਵਸਥਾ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹ ਭੁਚਾਲ, ਇਕ ਤੂਫ਼ਾਨ, ਇਹ ਦੰਗੇ ਫ਼ਸਾਦ ਅਤੇ ਅਤਿਅੰਤ ਵਰਖਾ ਆਦਿ ਨੇ ਤਬਾਹੀ ਮਚਾਈ ਹੋਈ ਹੈ ਇਹ ਇਸੇ ਸਬਬ ਹੈ ਕਿ ਪਾਪਾਂ ਦਾ ਅਤਿ ਹੋ ਰਿਹਾ ਹੈ ਅਤੇ ਇਹ ਤਾਂ ਅਜੇ ਵਾਰਨਿੰਗ ਹੈ ਜੋ ਰੱਬ ਦੇ ਰਿਹਾ ਹੈ । ਚੇਤਾਵਨੀ ਦੇ ਰਿਹਾ ਹੈ ਰੱਬ । ਸੋ, ਇਸ ਪੱਖੋਂ ਵੀ ਅਹਮਦੀਆਂ ਦਾ ਬਹੁਤ ਵਡੱਾ ਕੰਮ ਹੈ ਕਿ ਦੁਨੀਆ ਨੂੰ ਸਾਵਧਾਨ ਕਰਨ ਅਤੇ ਦਸੱਣ ਕਿ ਜੇਕਰ ਆਪਣੇ ਸੁਧਾਰ ਵੱਲ ਧਿਆਨ ਨ ਦਿਤੱਾ ਤਾਂ ਰੱਬ ਦੁਨੀਆ ਵਿੱਚ ਬਹੁਤ ਅਧਿਕ ਤਬਾਹੀ ਵਾਲੀ ਅਵਸਥਾ ਲਿਆ ਸਕਦਾ ਹੈ । ਰੱਬ ਕਰੇ ਕਿ ਦੁਨੀਆ ਨੂੰ ਅਕਲ ਆਏ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਦੁਨੀਆ ਵਿੱਚ ਆਪਣੇ ਅਧਿਕਾਰ ਲੈਂਣ ਬਾਰੇ ਗੱਲਾਂ ਹੁੰਦੀਆਂ ਹਨ ਭਾਵੇਂ ਫਿਰ ਉਸਤੋਂ ਦੂਜੇ ਨੂੰ ਕਿੰਨ੍ਹੀ ਹੀ ਹਾਨੀ ਪਹੁੰਚੇ । ਇਸਲਾਮ ਦਾ ਇਹੋ ਹੁਕਮ ਹੈ ਕਿ ਹਰ ਮਨੁੱਖ ਆਪਣਾ ਅਧਿਕਾਰ ਲੈਂਣ ਦੀ ਬਜਾਏ ਅਤੇ ਉਸ'ਤੇ ਹੱਠ ਕਰਨ ਦੀ ਬਜਾਏ ਦੂਜਿਆਂ ਦੇ ਅਧਿਕਾਰ ਦੇਣ ਅਤੇ ਉਸ'ਤੇ ਕਾਇਮ ਰਹਿਣ ਦਾ ਜਤਨ ਕਰੇ । ਇਸ ਬਾਰੇ ਹਜ਼ੂਰ ਅਨਵਰ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸਹਾਬਾ ਦਾ ਇਕ ਬਹੁਤ ਹੀ ਈਮਾਨ (ਵਿਸ਼ਵਾਸ) ਵਧਾਉਣ ਵਾਲੀ ਘਟਨਾ ਵਰਨਣ ਕੀਤੀ । ਜਾਪਾਨ ਦੇ ਵਰਤਮਾਨ ਦੌਰੇ ਸਮੇਂ ਇਕ ਈਸਾਈ ਪਾਦਰੀ ਜੋ ਬਹੁਤ ਹੀ ਭਲੇ ਪੁਰੁਸ਼ ਹਨ ਮੈਂਨੂੰ ਉਹਨਾਂ ਨੇ ਪ੍ਰਸ਼ਨ ਕੀਤਾ ਕਿ ਅਮਨ ਦੀ ਪ੍ਰੀਭਾਸ਼ਾ ਕੀ ਹੈ ਕਿਵੇਂ ਸਥਾਪਨਾ ਕੀਤੀ ਜਾਵੇ । ਕਹਿਣ ਲੱਗੇ ਮੈਂਨੂੰ ਹੁਣ ਤੱਕ ਕਿਤੋਂ ਵੀ ਤਸੱਲੀ ਭਰਪੂਰ ਉਤੱਰ ਨਹੀਂ ਮਿਲਿਆ ਕਿ ਕੀ ਪ੍ਰੀਭਾਸ਼ਾ ਹੈ ਅਮਨ ਦੀ । ਤਾਂ ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਪਹਿਲਾਂ ਵੀ ਦੱਸ ਚੁੱਕਿਆਂ ਹਾਂ ਕਿ ਇਸਲਾਮ ਕਹਿੰਦਾ ਹੈ ਕਿ ਜੋ ਆਪਣੇ ਲਈ ਪਸੰਦ ਕਰੋ ਉਹ ਦੂਜੇ ਲਈ ਪਸੰਦ ਕਰੋ । ਜੱਦ ਅਜਿਹਾ ਕਰੋਗੇ ਤਾਂ ਇਕ ਦੂਜੇ ਦੇ ਅਧਿਕਾਰ ਸਥਾਪਤ ਕਰ ਰਹੇ ਹੋਵੋਗੇ ਅਤੇ ਜੱਦ ਅਧਿਕਾਰ ਸਥਾਪਤ ਕਰੋਗੇ ਤਾਂ ਅਮਨ ਹੋਵੇਗਾ । ਇਕ ਦੂਜੇ ਲਈ ਫਿਰ ਤੁਸੀਂ ਸਲਾਮਤੀ ਵੀ ਭੇਜ ਰਹੇ ਹੋਵੋਗੇ ਕਹਿਣ ਲੱਗੇ ਇਹ ਪ੍ਰੀਭਾਸ਼ਾ ਮੇਰੇ ਮਨ ਨੂੰ ਬਹੁਤ ਲੱਗੀ ਹੈ ਇਹ ਪਹਿਲੀ ਵਾਰ ਸੁਣੀ ਹੈ ।

ਫ਼ਰਮਾਇਆ : ਅੱਜ ਇਸਲਾਮ ਹਰ ਮਾਮਲੇ ਵਿੱਚ ਹਕੀਕੀ ਮਾਰਗ ਦਿਖਾ ਸਕਦਾ ਹੈ ਪਰ ਉਸ ਦੇ ਅਮਲੀ ਨਮੂਨੇ ਦਿਖਾਏ ਬਿਨਾ ਅਸੀਂ ਦੁਨੀਆਂ ਨੂੰ ਕਾਇਲ (ਰਾਜ਼ੀ) ਨਹੀਂ ਕਰ ਸਕਦੇ । ਅਵੈਧ (ਨਾਜਾਇਜ਼) ਅਧਿਕਾਰ ਲੈਂਣ ਦਾ ਤਾਂ

ਪ੍ਰਸ਼ਨ ਹੀ ਨਹੀਂ ਜੇਕਰ ਅਸੀਂ ਵੈਧ (ਜਾਇਜ਼) ਅਧਿਕਾਰ ਵੀ ਛਡੱਣ ਲਈ ਤਿਆਰ ਹੋ ਜਾਈਏ ਤਾਂ ਅਮਨ ਕਾਇਮ ਹੋਵੇਗਾ। ਹਜ਼ੂਰ ਅਨਵਰ ਨੇ ਹਜ਼ਰਤ ਇਮਾਮ ਹਸਨ ਅਤੇ ਇਮਾਮ ਹੁਸੈਨ ਦੀ ਈਮਾਨ ਵਧਾਉਣ ਵਾਲੀ ਘਟਨਾ ਸੁਣਾਈ ਕਿ ਇਕ ਵਾਰ ਦੋਹਾਂ ਵਿੱਚ ਬਹਿਸ ਹੋ ਗਈ, ਇਮਾਮ ਹੁਸੈਨ ਦੀ ਵਧੀਕੀ ਹੁੰਦਿਆਂ ਹੋਇਆਂ ਵੀ ਇਮਾਮ ਹਸਨ ਉਹਨਾਂ ਤੋਂ ਪਹਿਲਾਂ ਮੁਆਫ਼ੀ ਮੰਗੀ ਅਤੇ ਉਸ ਦਾ ਕਾਰਣ ਇਹ ਵਰਨਣ ਕੀਤਾ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਇਕ ਵਾਰ ਫ਼ਰਮਾਇਆ ਕਿ ਜੱਦ ਦੋ ਵਿਅਕਤੀ ਆਪੋ ਵਿੱਚ ਝਗੜ ਪੈਂਣ ਤਾਂ ਉਹਨਾਂ ਵਿੱਚੋਂ ਜੋ ਪਹਿਲਾਂ ਸੁਲਾਹ ਕਰਦਾ ਹੈ ਉਹ ਸਵਰਗਾਂ ਵਿੱਚ ਦੂਜੇ ਤੋਂ ਪਹਿਲਾਂ ਪੰਜ ਸੌ ਸਾਲ ਪਹਿਲਾਂ ਦਾਖ਼ਲ ਹੋਵੇਗਾ । ਤਾਂ ਇਹ ਸੁਣ ਕੇ ਮੇਰੇ ਮਨ ਵਿੱਚ ਇਹ ਵਿਚਾਰ ਪੈਦਾ ਹੋਇਆ ਕਿ ਕੱਲ ਮੈਂ ਹੁਸੈਨ ਤੋਂ ਬੁਰਾ ਭਲਾ ਸੁਣਿਆ ਅਤੇ ਉਹਨਾਂ ਨੇ ਮੇਰੇ'ਤੇ ਸਖ਼ਤੀ ਕੀਤੀ, ਹੁਣ ਜੇਕਰ ਹੁਸੈਨ ਮੁਆਫ਼ੀ ਮੰਗਣ ਲਈ ਮੇਰੇ ਕੋਲ ਪਹਿਲਾਂ ਪਹੁੰਚ ਗਿਆ ਤਾਂ ਅਤੇ ਉਹਨਾਂ ਨੇ ਸੁਲਾਹ ਕਰ ਲਈ ਤਾਂ ਮੈਂ ਤਾਂ ਦੋਹਾਂ ਜਹਾਨਾ ਤੋਂ ਗਿਆ ਕਿ ਏਥੇ ਵੀ ਮੇਰੇ ਉਪੱਰ ਸਖ਼ਤੀ ਹੋ ਗਈ ਅਤੇ ਅਗਲੇ ਜਹਾਨ ਵਿੱਚ ਵੀ ਮੈਂ ਪਿੱਛੇ ਰਹਿ ਗਿਆ, ਸੋ, ਮੈਂ ਇਹੋ ਨਿਰਣਾ ਕੀਤਾ ਕਿ ਮੇਰੇ ਉਪੱਰ ਜੋ ਸਖ਼ਤੀ ਹੋਣੀ ਸੀ ਉਹ ਤਾਂ ਹੋ ਗਈ ਹੁਣ ਮੈਂ ਪਹਿਲਾਂ ਮੁਆਫ਼ੀ ਮੰਗ ਲਿਆਂ ਗਾ ਤਾਂ ਜੋ ਉਸ ਦੇ ਬਦਲੇ ਵਿੱਚ ਮੈਂਨੂੰ ਸਵਰਗ ਤਾਂ ਪੰਜ ਸੌ ਸਾਲ ਪਹਿਲਾਂ ਮਿਲ ਜਾਵੇ । ਸੋ, ਇਹ ਸੋਚ ਹੈ ਜਿਸਨੂੰ ਅਸੀਂ ਆਪਣੇ ਉਪੱਰ ਲਾਗੂ ਕਰਨੀ ਚਾਹੀਦੀ ਹੈ ।

ਇਕ ਹੋਰ ਦਿਲਚਸਪ ਘਟਨਾ ਵਰਨਣ ਕਰਨ ਬਾਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹ ਉਧਾਰਣਾ ਇਸ ਲਈ ਦਿਆ ਕਰਦੇ ਸਨ ਕਿ ਦੁਨੀਆ ਦੇ ਝਗੜੇ ਵਿਅਰਥ ਹੁੰਦੇ ਹਨ । ਮੇਰਾ ਕੀ ਤੇ ਤੇਰਾ ਕੀ ਗ਼ੁਲਾਮ ਦਾ ਤਾਂ ਕੁਝ ਵੀ ਨਹੀਂ ਹੁੰਦਾ । ਉਹ ਤਾਂ ਜੱਦ ਆਪਣੇ ਆਪ ਨੂੰ ਕਹਿੰਦਾ ਹੈ ਕਿ ਮੈਂ ਅਬਦੁਲੱਾਹ ਹਾਂ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਹੁਣ ਉਸ ਦਾ ਕੁਝ ਵੀ ਨਹੀਂ ।

ਫ਼ਰਮਾਇਆ : ਜੋ ਨਬੁਵੱਤ ਦੇ ਜੁੱਗ ਤੋਂ ਦੂਰ ਜਾ ਰਹੇ ਹਨ ਅਤੇ ਭਵਿੱਖ ਵਿੱਚ ਹੋਰ ਦੂਰ ਜਾਂਦੇ ਰਹਿਣਗੇ । ਸਾਨੂੰ ਇਸ ਵੱਲ ਧਿਆਨ ਕਰਨਾ ਚਾਹੀਦਾ ਹੈ ਪਹਿਲਾਂ ਵੀ ਇਸ ਵੱਲ ਧਿਆਨ ਦੁਆ ਚੁੱਕਿਆ ਹਾਂ ਕਿ ਸਾਨੂੰ ਬਹੁਤ ਸਾਵਧਾਨੀ ਵਰਤਨੀ ਚਾਹੀਦੀ ਹੈ । ਸਾਨੂੰ ਪਹਿਲਾਂ ਤੋਂ ਅਧਿਕ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਅਸੀਂ ਕਿਵੇਂ ਅਬਦੁਲੱਾਹ ਬਣਨ ਦਾ ਹੱਕ ਪੂਰਾ ਕਰਨਾ ਹੈ ਅਤੇ ਅਪਣਾ ਹੱਠ ਤੇ ਹੰਕਾਰ ਛਡੱਣਾ ਹੈ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਲਈ ਜਤਨ ਕਰਨੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਸਾਲ ਵੀ ਚੋਣਾ ਦਾ ਸਾਲ ਹੈ ਜਮਾਤੀ ਪੱਖੋਂ ਵੀ ਇਸ ਸਾਲ ਚੋਣਾ ਹੋਣੀਆਂ ਹਨ । ਇਸ ਪੱਖੋਂ ਵੀ ਆਪਣੀਆਂ ਸੋਚਾਂ ਨੂੰ ਹਰ ਇਕ ਨੂੰ ਠੀਕ ਕਰਨ ਦੀ ਲੋੜ ਹੈ ਦੁਆ ਦੇ ਬਾਦ ਹਰ ਸੰਬੰਧ ਨੂੰ ਹਰ ਰਿਸ਼ਤੇ ਨੂੰ ਛੱਡਕੇ ਆਪਣਾ ਹੱਕ ਜੋ ਹੈ ਉਹ ਸਹੀ ਰੂਪ ਵਿੱਚ ਵਰਤ ਕੇ ਆਪਣੀ ਰਾਏ ਦੇਣੀ ਹੈ ਅਤੇ ਇਸ ਦੇ ਬਾਦ ਜੋ ਨਿਰਣਾ ਹੋ ਜਾਵੇ ਉਸ ਨੂੰ ਪਰਵਾਨ ਕਰ ਲਓ । ਹਰ ਇਕ ਪੂਰਨ ਰੂਪ ਵਿੱਚ ਆਪਣੇ ਵਿਅਕਤੀਗੱਤ ਹਿੱਤ ਤੋਂ ਉਪੱਰ ਉਠੱਕੇ ਆਪਣੇ ਨਿਰਣੇ ਕਰੋ । ਜ਼ੈਲੀ ਤੰਜ਼ੀਮਾ ਵਿੱਚ ਵੀ ਅਜਿਹੇ ਪ੍ਰਸ਼ਨ ਉਠੱਦੇ ਹਨ ਕਿ ਕਿਉਂ ਫਲਾਣੇ ਨੂੰ ਬਣਾਇਆ ਗਿਆ, ਫਲਾਣੇ ਨੂੰ ਕਿਉਂ ਨਹੀਂ ਬਣਇਆ ਗਿਆ ਉਹ ਤਾਂ ਅਜਿਹੀ ਹੈ, ਓਹੋ ਜਿਹੀ ਹੈ, ਇਸ ਪ੍ਰਕਾਰ ਦੀਆਂ ਵਿਅਰਥ ਗਲੱਾਂ ਤੋਂ ਬਚਣਾ ਚਾਹੀਦਾ ਹੈ ਸਨੂੰ ਅਤੇ ਜੋ ਵੀ ਬਣਾ ਦਿੱਤਾ ਜਾਵੇ ਉਸ ਸਮੇਂ ਲਈ, ਜੱਦ ਤੱਕ ਉਹ ਬਣਾਇਆ ਗਿਆ ਹੈ ਬਹਿਰਹਾਲ ਉਸ ਨਾਲ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਹਵਾਲੇ ਨਾਲ ਫ਼ਰਮਾਇਆ ਕਿ ਮੋਮਿਨ ਨੂੰ ਚਾਹੀਦਾ ਹੈ ਕਿ ਪੱਕੇ ਨਿਸਚੇ ਨਾਲ ਜਤਨ ਕਰੇ ਅਤੇ ਉਸ ਨੂੰ ਅੰਜਾਮ ਤੱਕ ਪਹੁੰਚਾਏ । ਦੂਜਿਆਂ ਉਪੱਰ ਨਿਰਭਰਤਾ ਕਰਨ

ਦੀ ਥਾਂ ਭਾਵੇਂ ਉਹ ਅਫਸਰ ਹੋਣ ਜਾਂ ਅਹੁਦੇਦਾਰ ਹੋਣ ਉਹ ਆਪਣੇ ਮਾਤਹਿਤਾਂ ਉਪੱਰ ਨਿਰਭਰ ਨ ਕਰਨ ਸਗੋਂ ਆਪ ਵੀ ਸਿੱਧੇ ਰੂਪ ਵਿੱਚ ਹਰ ਕੰਮ ਦੀ ਨਿਗਰਾਨੀ ਰਖੱਣ ਅਤੇ Involve ਹੋਣ ਦਾ ਜਤਨ ਕਰਨ, ਤਾਂ ਹੀ ਕੰਮ ਉਚਿਤ ਰੂਪ ਵਿੱਚ ਨੇਪਰੇ ਚੜ੍ਹ ਸਕਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਜੇਕਰ ਸਾਡੀ ਜਮਾਤ ਦੀ ਇਛੱਾ ਹੀ ਨਹੀਂ ਤਾਂ ਕੁਝ ਵੀ ਨਹੀਂ ਹੋ ਸਕਦਾ ਪਰ ਜੇਕਰ ਉਹ ਚਾਹੁਣ ਤਾਂ ਵੱਡੇ ਵੱਡੇ ਔਖੇ ਕੰਮ ਵੀ ਦਿਨਾਂ ਵਿੱਚ ਕਰ ਸਕਦੇ ਹਨ । ਸੋ, ਇਹ ਸਾਡੇ ਵਿੱਚੋਂ ਹਰ ਇਕ ਦੀ ਸੋਚ ਹੋਣੀ ਚਾਹੀਦੀ ਹੈ ਕਿ ਅਸੀਂ ਕੇਵਲ ਚਾਹੁਣ ਤੱਕ ਸੀਮਤ ਨਹੀਂ ਰਹਿਣਾ ਸਗੋਂ ਚਾਹੁਣਾ ਹੈ ਅਤੇ ਚਾਹੁਣ ਦੇ ਨਾਲ ਹੀ ਆਪਣੇ ਸਾਰੇ ਗੁਣਾ ਨਾਲ ਇਸ ਕੰਮ ਨੂੰ ਕਰਨਾ ਹੈ, ਰੱਬ ਤੋਂ ਦੁਆ ਮੰਗਣੀ ਹੈ। ਵਿਸ਼ੇਸ਼ ਰੂਪ ਵਿੱਚ ਇਸ ਗੱਲ ਨੂੰ ਮੈਂ ਦੇਖਦਾ ਹਾਂ ਜੱਦ ਨਮਾਜ਼ਾਂ ਦਾ ਪ੍ਰਸ਼ਨ ਆਉਂਦਾ ਹੈ ਕਈ ਲੋਕ ਮੇਰੇ ਕੋਲ ਆਉਂਦੇ ਹਨ ਕਿ ਸਾਡੇ ਲਈ ਦੁਆ ਕਰੋ ਅਸੀਂ ਚਾਹੁੰਦੇ ਹਾਂ ਕਿ ਨਮਾਜ਼ਾਂ ਵਿੱਚ ਬਕਾਇਦਗੀ ਹੋਵੇ ਪਰ ਬਕਾਇਦਗੀ ਨਹੀਂ ਹੈ । ਬਾਕੀ ਦੇ ਕੰਮਾ ਵਿੱਚ ਜੱਦ ਚਾਹੁੰਦੇ ਹਨ ਤਾਂ ਉਹ ਕਰ ਲੈਂਦੇ ਹਨ ਪਰ ਨਮਾਜ਼ ਨੂੰ ਚਾਹੁੰਦੇ ਹਾਂ ਕਿਉਂਕਿ ਬੇਦਿਲੀ ਨਾਲ ਚਾਹੁੰਦੇ ਹਨ ਆਪਣੀਆਂ ਸਾਰੀਆਂ ਸ਼ਕਤੀਆਂ ਉਸ'ਤੇ ਨਹੀਂ ਵਰਤਦੇ, ਰੱਬ ਤੋਂ ਮਦਦ ਨਹੀਂ ਮੰਗਦੇ ਇਸ ਲਈ ਨਮਾਜ਼ਾਂ ਦੀ ਆਦਤ ਨਹੀਂ ਪੈਂਦੀ । ਅਜਿਹੇ ਲੋਕਾਂ ਦਾ ਚਾਹੁਣਾ ਜੋ ਹੈ ਉਹ ਵਾਸਤਵ ਵਿੱਚ ਚਾਹੁਣਾ ਨਹੀਂ ਹੁੰਦਾ । ਇਹ ਹੋ ਹੀ ਨਹੀਂ ਸਕਦਾ ਕਿ ਜੇਕਰ ਮਨੁੱਖ ਚਾਹੇ ਵੀ ਅਤੇ ਕੰਮ ਨ ਹੋ ਸਕੇ । ਨਮਾਜ਼ ਵਾਸਤਵ ਵਿੱਚ ਉਹਨਾਂ ਲਈ ਵਾਧੂ ਚੀਜ਼ ਹੁੰਦੀ ਹੈ ਜੋ ਦੁਨੀਆਵੀ ਕੰਮਾ ਨੂੰ ਪਹਿਲ ਦਿੰਦੇ ਹਨ ਜੋ ਕਿ ਗ਼ਲਤ ਤਰੀਕਾ ਹੈ । ਇਸ ਲਈ ਉਸ'ਤੇ ਅਮਲ ਨਹੀਂ ਹੁੰਦਾ । ਇਹ ਕਿਵੇਂ ਹੋ ਸਕਦਾ ਹੈ ਕਿ ਮਨੁੱਖ ਚਾਹੇ ਵੀ ਇਕ ਪਕੱਾ ਨਿਸ਼ਚਾ ਵੀ ਹੋਵੇ ਫਿਰ ਕੰਮ ਨ ਹੋਵੇ । ਸੋ, ਇਹ ਆਪਣੀਆਂ ਸੁਸਤੀਆਂ ਹੁੰਦੀਆਂ ਹਨ ਅਤੇ ਬੇਰਗ਼ਬਤੀ ਹੁੰਦੀ ਹੈ ਜਿਸ ਨੂੰ ਅਕਾਰਣ ਹੀ ਚਾਹੁਣ ਦਾ ਨਾਂ ਦੇ ਦਿੱਤਾ ਜਾਂਦਾ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਅਸੀਂ ਆਪ ਸੁਣਿਆ ਹੈ ਜੱਦ ਕੋਈ ਬਾਦਸ਼ਾਹ ਜਾਂ ਧੰਨਵਾਨ ਕਿਸੇ ਥਾਂ ਜਾਂਦਾ ਹੈ ਤਾਂ ਉਸ ਦਾ ਨੌਕਰ ਵੀ ਨਾਲ ਜਾਂਦਾ ਹੈ । ਉਸ ਨੂੰ ਅੰਦਰ ਜਾਣ ਲਈ ਅਗਿਆ ਮੰਗਣੀ ਪੈਂਦੀ ਹੈ । ਜੋ ਵੀ ਉਸ ਦੇ ਨਾਲ ਹੁੰਦਾ ਹੈ । ਅੱਜ ਕੱਲ ਵੀ ਦੇਖ ਲਓ ਮਨਿਸਟਰ ਆਉਂਦੇ ਹਨ ਹੋਰ ਆਉਂਦੇ ਹਨ ਉਹਨਾਂ ਦੇ ਜੋ ਪ੍ਰੋਟੋਕੋਲ ਅਫਸਰ ਹਨ ਜਾਂ ਉਹਨਾਂ ਦੀ ਸੁਰੱਖਿਆ ਕਰਨ ਵਾਲੇ ਹਨ ਸਾਰੇ ਨਾਲ ਜਾਂਦੇ ਹਨ, ਆਗਿਆ ਨਹੀਂ ਲਈ ਜਾਂਦੀ ਕਿ ਉਹ ਵੀ ਨਾਲ ਆਉਣਗੇ । ਫ਼ਰਮਾਇਆ ਕਿ ਤੁਹਾਡੀ ਹਾਲਤ ਕਿੰਨ੍ਹੀ ਵੀ ਮਾੜੀ ਹੋਵੇ ਜੇਕਰ ਤੁਸੀਂ ਫ਼ਰਿਸਤਿਆਂ ਨਾਲ ਸੰਬੰਧ ਪੈਦਾ ਕਰ ਲਓ ਤਾਂ ਉਹ ਜਿੱਥੇ ਵੀ ਜਾਣਗੇ ਤੁਸੀਂ ਓਹਨਾਂ ਨਾਲ ਜਾਓਗੇ । ਰੱਬ ਨਾਲ ਸੰਬੰਧ ਪੈਦਾ ਹੋਵੇਗਾ ਤਾਂ ਉਸ ਦੇ ਫ਼ਰਿਸ਼ਤਿਆਂ ਨਾਲ ਸੰਬੰਧ ਪੈਦਾ ਹੋਵੇਗਾ ਤੁਸੀਂ ਉਹਨਾਂ ਦੇ ਨੌਕਰਾਂ ਤੇ ਚਪੜਾਸੀਆਂ ਵਿਚ ਸ਼ਮਾਲ ਹੋ ਜਾਓਗੇ । ਜੇਕਰ ਉਹ ਲੋਕਾਂ ਦੇ ਦਿਲਾ ਤੇ ਦਿਮਾਗਾਂ ਵਿੱਚ ਜਾਣਗੇ ਤਾਂ ਤੁਸੀਂ ਵੀ ਉਹਨਾਂ ਨਾਲ ਜਾਓਗੇ । ਸੋ, ਫ਼ਰਮਾਉਂਦੇ ਹਨ ਕਿ ਤੁਸੀਂ ਉਸ ਮਹਾਨ ਸ਼ਕਤੀ ਨੂੰ ਸਮਝੋ ਜਿਸ ਨੂੰ ਰੱਬ ਨੇ ਤੁਹਾਡੇ ਲਈ ਬਣਾਇਆ ਹੈ ਤੁਹਾਡੀ ਆਤਮਕ ਸ਼ਕਤੀ ਨਾਲ ਸੰਬੰਧਤ ਹੈ ਤੁਸੀਂ ਉਸ ਨੂੰ ਮਜ਼ਬੂਤ ਬਨਾਓਣ ਲਈ ਫ਼ਰਿਸ਼ਤਿਆਂ ਨਾਲ ਵੱਧ ਤੋਂ ਵੱਧ ਸੰਬੰਧ ਬਨਾਉਣ ਦਾ ਜਤਨ ਕਰੋ ਤਾਂ ਜੋ ਤੁਹਾਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚ ਪ੍ਰਾਪਤ ਹੋ ਜਾਵੇ । ਜੇਕਰ ਤੁਹਾਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚ ਪ੍ਰਾਪਤ ਹੋ ਜਾਵੇ ਤਾਂ ਸਾਰੇ ਪਰਦੇ ਦੂਰ ਹੋ ਜਾਂਣਗੇ ਅਤੇ ਜਿੱਥੇ ਰੱਬ ਦਾ ਨੂਰ ਪਹੁੰਚੇਗਾ ਤੁਸੀਂ ਵੀ ਓਥੇ ਪਹੁੰਚ ਜਾਓਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਸ ਮੁਢੱਲੇ ਉਸੂਲ ਨੂੰ ਹਮੇਸ਼ਾ ਚੇਤਾ ਰਖੱਣਾ ਚਾਹੀਦਾ ਹੈ ਕਿ ਜੱਦ ਇਕ ਥਾਂ ਇਕਤੱਰ ਹੁੰਦੇ ਹਨ ਭਾਵੇਂ ਉਹ ਜਲਸੇ ਹਨ ਇਜਤਮਾ ਹਨ, ਜੱਦ ਰੂਹਾਨੀ ਤਰੱਕੀ ਲਈ ਇਕਤੱਰ ਹੁੰਦੇ ਹਨ ਤਾਂ ਫਿਰ ਉਸ ਨੂੰ ਪ੍ਰਾਪਤ ਕਰਨ ਲਈ ਜਤਨ ਕਰਨੇ ਚਾਹੀਦੇ ਹਨ ਅਤੇ ਆਪਣੀਆਂ ਸਭਾਵਾਂ ਨੂੰ ਕੇਵਲ ਆਰਜ਼ੀ (ਅਸਥਾਈ) ਤੋਰ'ਤੇ

ਰੂਹਾਨੀ ਸਭਾ ਨ ਬਣਾਓ ਸਗੋਂ ਅਜਿਹੀ ਬਣਾਓ ਕਿ ਰੂਹਾਨੀ ਪ੍ਰਭਾਵ ਸਦਾ ਲਈ ਕਾਇਮ ਰਹਿਣ ਅਤੇ ਫ਼ਰਿਸ਼ਤੇ ਵੀ ਸਾਡੀ ਮਦਦ ਕਰਨ ਵਾਲੇ ਬਣ ਜਾਣ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਕਈ ਸਹਾਬਾ ਕਹਿੰਦੇ ਹਨ ਕਿ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੂੰ ਦੁਆ ਕਰਦੇ ਹੋਏ ਦੇਖਦੇ ਤਾਂ ਸਾਨੂੰ ਇਉਂ ਮਲੂਮ ਹੁੰਦਾ ਜਿਵੇਂ ਇਕ ਹਾਂਡੀ ਜੋਸ਼ ਨਾਲ ਉਬਲ ਰਹੀ ਹੈ । ਸੋ, ਆਪਣੇ ਆਪੇ ਦੇ ਸੁਧਾਰ ਲਈ ਧਿਆਨ ਦਿਓ ਅਤੇ ਤਕਵਾ (ਸੰਜਮਤਾ) ਤੇ ਪਵਿਤੱਰਤਾ ਪੈਦਾ ਕਰੋ ।

ਸੋ, ਇਹ ਵਿਚਾਰ ਨ ਕਰੋ ਕਿ ਅਸੀਂ ਨੇਕ ਕੰਮਾ ਵਿੱਚ ਲੱਗੇ ਹੋਏ ਹਾਂ, ਇਹ ਵਿਚਾਰ ਨ ਕਰੋ ਕਿ ਅਸੀਂ ਨੇਕ ਇਰਾਦੇ ਰਖੱਦੇ ਹਾਂ । ਕਿੰਨ੍ਹਾ ਹੀ ਨੇਕ ਕੰਮ ਮਨੁੱਖ ਕਰ ਰਿਹਾ ਹੋਵੇ ਉਸ ਵਿੱਚੋਂ ਬਦੀ ਪੈਦਾ ਹੋ ਸਕਦੀ ਹੈ, ਕਿੰਨ੍ਹਾ ਹੀ ਨੇਕ ਇਰਾਦਾ ਮਨੁੱਖ ਰਖੱਦਾ ਹੋਵੇ ਉਹ ਉਸ ਦੇ ਈਮਾਨ (ਆਸਥਾ) ਨੂੰ ਵਿਗਾੜ ਸਕਦਾ ਹੈ ਕਿਉਂਕਿ ਈਮਾਨ ਸਾਡੇ ਕਰਮਾ ਦੇ ਸਿੱਟੇ ਵੱਜੋਂ ਨਹੀਂ ਆਉਂਦਾ ਸਗੋਂ ਰੱਬ ਦੀ ਮਿਹਰ ਦੇ ਸਿੱਟੇ ਵਿੱਚ ਆਉਂਦਾ ਹੈ । ਇਹ ਮੁਢੱਲੀ ਚੀਜ਼ ਹੈ ਚੇਤੇ ਰਖੱਣੀ ਚਾਹੀਦੀ ਹੈ । ਸਾਡੇ ਕਰਮ ਜਿੰਨ੍ਹੇ ਵੀ ਹੋਣ ਜੇਕਰ ਰੱਬ ਦੀ ਮਿਹਰ ਨਹੀਂ ਹੈ ਜੇਕਰ ਰੱਬ ਦੀ ਕ੍ਰਿਪਾਦ੍ਰਿਸ਼ਟੀ ਨਹੀਂ ਹੈ ਤਾਂ ਫਿਰ ਈਮਾਨ ਸੰਪੂਰਨ ਨਹੀਂ ਹੋ ਸਕਦਾ । ਸੋ, ਤੁਸੀਂ ਹਮੇਸ਼ਾ ਰੱਬ ਦੀ ਮਿਹਰ ਉਪੱਰ ਦ੍ਰਿਸ਼ਟੀ ਰੱਖੋ ਅਤੇ ਤੁਹਾਡੀ ਨਜ਼ਰ ਹਮੇਸ਼ਾ ਉਸ ਦੇ ਹੱਥਾਂ ਵੱਲ ਉੱਠੇ ਕਿਉਂਕਿ ਉਹ ਸਵਾਲੀ ਜੋ ਇਹ ਸਮਝਦਾ ਹੈ ਕਿ ਰੱਬ ਦੇ ਦਰ ਤੋਂ ਉਠੱਣ ਦੇ ਬਾਦ ਮੇਰੇ ਲਈ ਹੋਰ ਕੋਈ ਦਰ ਨਹੀਂ ਖੁੱਲ ਸਕਦਾ ਉਹ ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰ ਲੈਂਦਾ ਹੈ । ਸੋ, ਤੁਹਾਡੀ ਨਿਗਾਹ ਹਰ ਸਮੇਂ ਰੱਬ ਵੱਲ ਹੀ ਉਠੱਣੀ ਚਾਹੀਦੀ ਹੈ । ਸੋ, ਪੱਕੀ ਤੌਬਾ ਅਤੇ ਇਸਤਗ਼ਫ਼ਾਰ ਅਤੇ ਰੱਬ ਦੇ ਫਜ਼ਲ ਨੂੰ ਮੰਗਣਾ ਉਸ ਦੇ ਰਹਿਮ ਨੂੰ ਮੰਗਣਾ ਅਤੇ ਉਸ ਨੂੰ ਜਜ਼ਬ ਕਰਨ ਦਾ ਜਤਨ ਕਰਨਾ ਇਹੋ ਚੀਜ਼ਾਂ ਹਨ ਜੋ ਅੰਤ ਭਲੇ ਵੱਲ ਲੈ ਜਾਂਦੀਆਂ ਹਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਥਾਂ ਅਹਮਦੀਅਤ ਦੇ ਵੈਰੀ ਦੀ ਚਰਚਾ ਕਰਦਿਆਂ ਹੋਇਆਂ ਜਿਸ ਨੇ ਆਪ ਦੇ ਸਾਹਮਣੇ ਇਹ ਫੜ ਮਾਰੀ ਸੀ ਕਿ ਅਸੀਂ ਨਿਰਣਾ ਕੀਤਾ ਹੈ ਕਿ ਅਸੀਂ ਅਹਮਦੀਅਤ ਨੂੰ ਕੁਚਲ (ਪੀਹ) ਦਿਆਂਗੇ । ਆਪ ਫ਼ਰਮਾਉਂਦੇ ਹਨ ਕਿ ਮੈਂ ਵੀ ਉਸ ਨੂੰ ਅਜਿਹਾ ਉਤੱਰ ਦੇ ਸਕਦਾ ਸੀ ਕਿ ਤੁਸੀਂ ਕੁਚਲਕੇ ਤਾਂ ਦੇਖੋ ਪਰ ਮੈਂ ਉਸ ਨੂੰ ਕਿਹਾ ਕਿ ਮਿਟਾਉਣਾ ਕਿਸੇ ਨੂੰ ਜਾਂ ਨ ਮਿਟਾਉਣਾ ਜਾਂ ਸਥਾਪਤ ਰਖੱਣਾ ਇਹ ਰੱਬ ਦੇ ਹੱਥ ਵਿੱਚ ਹੈ ਜੇਕਰ ਉਹ ਸਾਨੂੰ ਮਿਟਾਉਣਾ ਚਾਹੇ ਅਰਥਾਤ ਰੱਬ ਤਾਂ ਫਿਰ ਤੁਹਾਨੂੰ ਕਿਸੇ ਵੀ ਜਤਨ ਦੀ ਲੋੜ ਨਹੀਂ ਆਪ ਹੀ ਮਿਟਾ ਦੇਵੇਗਾ ਪਰ ਜੇਕਰ ਉਹ ਕਾਇਮ ਰਖੱਣਾ ਚਾਹੇ ਤਾਂ ਕੋਈ ਕੁਝ ਵੀ ਨਹੀਂ ਸਕਦਾ ਅਤੇ ਸੰਜਮਤਾ ਹੀ ਹੈ ਜੋ ਮਨੁੱਖ ਨੂੰ ਅਜਿਹੇ ਦਾਵਿਆਂ ਤੋਂ ਬਚਾਉਂਦੀ ਹੈ ਕਿ ਮੈਂ ਇਹ ਕਰ ਦਿਆਂਗਾ ਉਹ ਕਰ ਦਿਆਂਗਾ । ਅਲੱਾਹ ਤਆਲਾ ਨੇ ਫ਼ਰਮਾਇਆ ਹੈ ਕਿ "ਕਾਤਾਬਲੱਾਹੁ ਲ ਅਗ਼ਲਿਬਨੱਾ ਅਨਾ ਵ ਰੁਸੁਲੀ" ( كَتَبَ اللّٰهُ لَاَغۡلِبَنَّ اَنَا وَرُسُلِیۡ ) ਕਿ ਅਸੀਂ ਫ਼ਰਜ਼ ਕਰ ਲਿਆ ਹੈ ਕਿ ਅਸੀਂ ਅਤੇ ਸਾਡੇ ਰਸੂਲ ਗ਼ਾਲਬ ਹੋਣਗੇ ।

ਰੱਬ ਦੇ ਵਾਦਿਆਂ ਉਪੱਰ ਸਾਨੂੰ ਐਨ੍ਹਾ ਵਿਸ਼ਵਾਸ ਹੈ ਕਿ ਜਿੰਨ੍ਹਾ ਕਿ ਆਪਣੇ ਪ੍ਰਾਣਾ ਉਪੱਰ ਵੀ ਨਹੀਂ ਹੈ । ਸੋ, ਅਹਮਦੀਅਤ ਨੇ ਤਾਂ ਗ਼ਾਲਬ ਆਉਣਾ ਹੈ, ਭਾਵੇਂ ਸਾਡੇ ਜੀਵਨ ਵਿੱਚ ਆਏ ਜਾਂ ਬਾਦ ਵਿੱਚ ਆਏ, ਪਰ ਸਾਨੂੰ ਇਸ ਗ਼ਲਬੇ ਦਾ ਭਾਗ ਬਣਨ ਲਈ ਤਕਵਾ (ਸੰਜਮਤਾ) ਉਪੱਰ ਕਾਇਮ ਰਹਿਣ ਦੀ ਬਹੁਤ ਅਧਿਕ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਝ ਸਾਲ ਹੋਏ ਮੈਂ ਵੀ ਕਿਹਾ ਸੀ ਕਿ ਜਮਾਤ ਨੂੰ ਰੋਜ਼ੇ (ਵਰਤ) ਰਖੱਣੇ ਚਾਹੀਦੇ ਹਨ ਅਤੇ ਜਮਾਤ ਵਿੱਚ ਹੁਣ ਤੱਕ ਕੁਝ ਅਜਿਹੇ ਲੋਕ ਹਨ ਜੋ ਇਸ'ਤੇ ਕਾਇਮ ਹਨ । ਫ਼ਰਮਾਇਆ : ਘੱਟੋ ਘੱਟ ਹੁਣ ਸਾਨੂੰ ਚਾਲ੍ਹੀ (40) ਰੋਜ਼ੇ ਹਫ਼ਤਾਵਾਰੀ ਰਖੱਣੇ ਚਾਹੀਦੇ ਹਨ ਅਰਥਾਤ ਚਾਲ੍ਹੀ ਹਫ਼ਤਿਆਂ ਤੱਕ ਵਿਸ਼ੇਸ਼ ਰੂਪ ਵਿੱਚ ਰੋਜ਼ੇ ਰੱਖੇ ਜਾਣ । ਅਤੇ ਦੁਆਵਾਂ ਕਰਨ ਅਤੇ ਨਫ਼ਲ ਪੜ੍ਹਨ, ਸਦਕੇ (ਦਾਨ) ਦੇਣ ਕਿਉਂਕਿ ਜੋ ਜਮਤਾ ਦੇ ਹਾਲਾਤ ਹਨ ਕਈ ਥਾਈਂ ਉਹਨਾਂ

ਵਿੱਚ ਬਹੁਤ ਅਧਿਕ ਕਟੱੜਤਾ ਤੇ ਸਖ਼ਤੀ ਆਉਂਦੀ ਜਾ ਰਹੀ ਹੈ । ਜੱਦ ਅਸੀਂ ਰੱਬ ਦੀ ਹਜ਼ੂਰੀ ਵਿੱਚ ਚੀਕਾਂਗੇ ਤਾਂ ਜਿਵੇਂ ਬੱਚੇ ਦੇ ਰੋਣ ਨਾਲ ਮਾਂ ਦੀਆਂ ਹਿਕਾਂ ਵਿੱਚ ਦੁੱਧ ਉਤੱਰ ਆਉਂਦਾ ਹੈ ਅਕਾਸ਼ ਤੋਂ ਸਾਡੇ ਰੱਬ ਦੀ ਸਹਾਇਤਾ ਇੰਸ਼ਾਅਲੱਾਹ ਨਾਜ਼ਲ ਹੋਵੇਗੀ ਅਤੇ ਉਹ ਰੋਕਾਂ ਤੇ ਔਕੁੜਾਂ ਜੋ ਸਾਡੇ ਮਾਰਗ ਵਿੱਚ ਹਨ ਉਹ ਦੂਰ ਹੋ ਜਾਣਗੀਆਂ । ਪਹਿਲਾਂ ਵੀ ਦੂਰ ਹੁੰਦੀਆਂ ਰਹੀਆਂ ਹਨ ਅਤੇ ਹੁਣ ਵੀ ਇੰਸ਼ਾਅਲੱਾਹ ਦੂਰ ਹੋਣਗੀਆਂ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਕੁਝ ਔਕੁੜਾਂ ਅਜਿਹੀਆਂ ਹਨ ਜਿੰਨ੍ਹਾ ਦਾ ਦੂਰ ਕਰਨਾ ਸਾਡੇ ਵੱਸ ਵਿੱਚ ਨਹੀਂ ਹੈ । ਅਸੀਂ ਦੁਸ਼ਮਣ ਦਾ ਮੂੰਹ ਬੰਦ ਨਹੀਂ ਕਰ ਸਕਦੇ ਅਤੇ ਉਸ ਦੀ ਕਲਮ ਨਹੀਂ ਰੋਕ ਸਕਦੇ । ਉਹਨਾਂ ਦੀ ਕਲਮ ਤੇ ਜ਼ੁਬਾਨ ਤੋਂ ਉਹ ਕੁਝ ਨਿਕਲਦਾ ਹੈ ਜਿਸਨੂੰ ਸੁਨਣ ਤੇ ਪੜ੍ਹਨ ਦੀ ਸਾਡੇ ਵਿੱਚ ਤਾਕਤ ਨਹੀਂ ਹੁੰਦੀ ।

ਹਜ਼ੂਰ ਨੇ ਫ਼ਰਮਾਇਆ : ਪਾਕਿਸਤਾਨ ਵਿੱਚ ਤਾਂ ਅਹਮਦੀਅਤ ਦੇ ਖ਼ਿਲਾਫ਼ ਕਾਨੂਨ ਵੀ ਹੈ ਅਤੇ ਕਾਨੂਨ ਮੁਖ਼ਾਲਫ਼ਾਂ ਦੀ ਮਦਦ ਕਰਦਾ ਹੈ ਵਿਰੋਧੀ ਜੋ ਚਾਹੁੰਦੇ ਹਨ ਕਰਦੇ ਹਨ । ਜੋ ਮੂੰਹ ਵਿੱਚ ਆਉਂਦਾ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਿਰੁਧ ਬਕਵਾਸ ਕਰਦੇ ਹਨ । ਅਹਮਦੀਆਂ ਨੂੰ ਅਤਿਆਚਾਰ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ । ਕੋਰਟਸ (ਨਿਆਲੈ) ਜੋ ਹਨ ਉਹ ਵੀ ਹੁਣ ਰਤਾ ਜਿਹੀ ਗੱਲ'ਤੇ ਦੰਡ ਦੇਣ ਉਪੱਰ ਤੁਲੇ ਹੋਏ ਹਨ । ਸੋ, ਇਸ ਲਈ ਤਾਂ ਸਾਨੂੰ ਬਹੁਤ ਹੀ ਅਧਿਕ ਰੱਬ ਦੀ ਹਜ਼ੂਰੀ ਵਿੱਕ ਚੀਕਾਂ ਮਾਰਨ ਦੀ ਲੋੜ ਹੈ । ਵਿਸ਼ੇਸ਼ ਰੂਪ ਵਿੱਚ ਪਾਕਿਸਤਾਨ ਦੇ ਅਹਮਦੀਆਂ ਨੂੰ ਇਸ ਵੱਲ ਪਹਿਲਾਂ ਤੋਂ ਵੀ ਵੱਧ ਧਿਆਨ ਦੇਣ ਦੀ ਲੋੜ ਹੈ । ਖ਼ਾਲਸ ਹੋਕੇ ਰੱਬ ਅੱਗੇ ਝੁਕੋ, ਨਫ਼ਲ ਪੜ੍ਹੋ, ਸਦਕੇ ਦਿਓ ਅਤੇ ਰੋਜ਼ੇ ਰੱਖੋ । ਦੁਆਵਾਂ ਤੋਂ ਬਿਨਾਂ ਅਤੇ ਰੱਬ ਦੀ ਰਹਿਮਤ ਨੂੰ ਜੋਸ਼ ਵਿੱਚ ਲਿਆਏ ਬਿਨਾ ਸਾਡੇ ਕੋਲ ਕੋਈ ਮਾਰਗ ਨਹੀਂ ਹੈ । ਅਲੱਾਹ ਤਆਲਾ ਵਿਸ਼ੇਸ਼ ਰੂਪ ਵਿੱਚ ਉਹਨਾਂ ਅਹਮਦੀਆਂ ਨੂੰ ਜਿੱਥੇ ਇਹ ਜ਼ੁਲਮ ਹੋ ਰਹੇ ਹਨ ਜਿੰਨ੍ਹਾ ਜਿੰਨ੍ਹਾ ਦੇਸ਼ਾਂ ਵਿਚ ਹੋ ਰਹੇ ਹਨ ਜਾਂ ਜਿੰਨ੍ਹਾ ਥਾਵਾਂ'ਤੇ ਹੋ ਰਹੇ ਹਨ ਅਜਿਹੀਆਂ ਦੁਆਵਾਂ ਦੀ ਤੌਫ਼ੀਕ ਪ੍ਰਦਾਨ ਕਰੇ ਜੋ ਰੱਬ ਦੇ ਅਕਾਸ਼ ਨੂੰ ਹਿਲਾਉਣ ਵਾਲੀਆਂ ਹੋਣ ਅਤੇ ਆਮ ਤੌਰ'ਤੇ ਸਾਰੀ ਦੁਨੀਆਂ ਦੇ ਅਹਮਦੀਆਂ ਨੂੰ ਜਮਾਤ ਦੀ ਤਰੱਕੀ ਅਤੇ ਜ਼ੁਲਮਾ ਤੋਂ ਬਚਣ ਲਈ ਦੁਆਵਾਂ ਵੱਲ ਵਿਸ਼ੇਸ਼ ਧਿਆਨ ਦੇਣਾ ਹੈ । ਅਲੱਾਹ ਤਆਲਾ ਤੌਫ਼ੀਕ ਪ੍ਰਦਾਨ ਕਰੇ ।

**Khulasa Khutba 12.02.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131